Day of MOURNING

# 28 ਅਪ੍ਰੈਲ ਨੂੰ ਜਾਨਾਂ ਗੁਆ ਗਏ ਵਰਕਰਾਂ ਦਾ ਸਨਮਾਨ

*ਪਿਛਲੇ ਸਾਲ ਬੀ.ਸੀ. ਵਿੱਚ ਕੰਮ ਵਾਲੀ ਥਾਂ 'ਤੇ ਸੱਟਾਂ ਅਤੇ ਬਿਮਾਰੀਆਂ ਨੇ 146 ਵਰਕਰਾਂ ਦੀ ਜਾਨ ਲੈ ਲਈ।*

**ਰਿਚਮੰਡ, ਬੀ.ਸੀ. (28 ਅਪ੍ਰੈਲ, 2025)** — 28 ਅਪ੍ਰੈਲ ਨੂੰ, ਵਰਕਰ, ਕੰਮ-ਮਾਲਕ, ਪਰਿਵਾਰ, ਅਤੇ ਹੋਰ ਲੋਕ ਪੂਰੇ ਬੀ.ਸੀ. ਵਿੱਚ ਸੋਗ ਦਿਵਸ (ਡੇਅ ਆਫ਼ ਮੌਰਨਿੰਗ) ਸਮਾਰੋਹਾਂ ਵਿੱਚ ਇਕੱਠੇ ਹੋ ਰਹੇ ਹਨ ਤਾਂ ਜੋ ਕੰਮ ਦੌਰਾਨ ਜ਼ਖਮੀ ਹੋਏ ਜਾਂ ਮਾਰੇ ਗਏ ਵਰਕਰਾਂ ਨੂੰ ਸ਼ਰਧਾਂਜਲੀ ਦਿੱਤੀ ਜਾ ਸਕੇ।

ਵੈਨਕੂਵਰ ਸਮਾਰੋਹ ਜੈਕ ਪੂਲ ਪਲਾਜ਼ਾ ਵਿਖੇ ਸਵੇਰੇ 10:30 ਵਜੇ ਸ਼ੁਰੂ ਹੋਵੇਗਾ ਅਤੇ ਇਸ ਦੀ ਮੇਜ਼ਬਾਨੀ ਬੀ.ਸੀ. ਫੈਡਰੇਸ਼ਨ ਆਫ਼ ਲੇਬਰ, ਬਿਜ਼ਨਸ ਕੌਂਸਲ ਆਫ਼ ਬ੍ਰਿਟਿਸ਼ ਕੋਲੰਬੀਆ, ਵੈਨਕੂਵਰ ਐਂਡ ਡਿਸਟ੍ਰਿਕਟ ਲੇਬਰ ਕੌਂਸਲ, ਅਤੇ ਵਰਕਸੇਫਬੀਸੀ ਦੁਆਰਾ ਸਾਂਝੇ ਤੌਰ 'ਤੇ ਕੀਤੀ ਜਾਵੇਗੀ।

2024 ਵਿੱਚ, ਕੰਮ ਵਾਲੀ ਥਾਂ 'ਤੇ ਸੱਟਾਂ ਅਤੇ ਬਿਮਾਰੀਆਂ ਨੇ ਦੁਖਦਾਈ ਤੌਰ 'ਤੇ ਬੀ.ਸੀ. ਦੇ 146 ਵਰਕਰਾਂ ਦੀ ਜਾਨ ਲੈ ਲਈ। ਇਨ੍ਹਾਂ ਵਰਕਰਾਂ ਵਿੱਚੋਂ, 78 ਦੀ ਮੌਤ ਕੰਮ ਨਾਲ ਸਬੰਧਿਤ ਬਿਮਾਰੀਆਂ ਕਾਰਨ ਹੋਈ, ਜਿਨ੍ਹਾਂ ਵਿੱਚੋਂ ਲਗਭਗ ਅੱਧੇ ਕਈ ਦਹਾਕੇ ਪਹਿਲਾਂ ਅਕਸਰ ਐਸਬੈਸਟਸ ਦੇ ਸੰਪਰਕ ਵਿੱਚ ਆਉਣ ਕਾਰਨ ਮਾਰੇ ਗਏ। 38 ਵਰਕਰਾਂ ਨੇ ਕੰਮ ਵਾਲੀ ਥਾਂ 'ਤੇ ਘਾਤਕ ਸੱਟਾਂ ਕਾਰਨ ਆਪਣੀ ਜਾਨ ਗੁਆ ਦਿੱਤੀ, ਜਿਸ ਵਿੱਚ ਉਚਾਈ ਤੋਂ ਡਿੱਗਣਾ, ਚੀਜ਼ਾਂ ਦਾ ਵੱਜਣਾ ਅਤੇ ਉਪਕਰਨਾਂ ਜਾਂ ਮਸ਼ੀਨਰੀ ਵਿੱਚ ਫਸਣਾ ਸ਼ਾਮਲ ਸੀ। ਇਸ ਤੋਂ ਇਲਾਵਾ, 30 ਵਰਕਰ ਕੰਮ ਕਰਦੇ ਸਮੇਂ ਵਾਹਨ ਹਾਦਸਿਆਂ ਵਿੱਚ ਮਾਰੇ ਗਏ।

2024 ਵਿੱਚ ਕੰਮ ਨਾਲ ਸਬੰਧਿਤ ਮੌਤਾਂ ਵਿੱਚੋਂ ਛੇ ਜਵਾਨ ਵਰਕਰ ਸਨ, ਜਿਸ ਤੋਂ ਇਹ ਉਜਾਗਰ ਹੁੰਦਾ ਹੈ ਕਿ ਕੰਮ ਵਾਲੀ ਥਾਂ ਉੱਪਰ ਜਿਹੜੇ ਕੁਝ ਵਰਕਰਾਂ ਨੂੰ ਸਭ ਤੋਂ ਵੱਧ ਖਤਰਾ ਹੁੰਦਾ ਉਨ੍ਹਾਂ ਦੀ ਸੁਰੱਖਿਆ ਮਹੱਤਵਪੂਰਨ ਹੈ। ਦਾ ਡੇਅ ਆਫ਼ ਮੌਰਨਿੰਗ ਬੀ.ਸੀ. ਸਕੂਲਜ਼ ਪ੍ਰੋਜੈਕਟ The Day of Mourning B.C. Schools Project ਹੁਣ ਆਪਣੇ ਦਸਵੇਂ ਸਾਲ ਵਿੱਚ ਹੈ ਅਤੇ ਵਿਦਿਆਰਥੀਆਂ ਨੂੰ ਕੰਮ ਵਾਲੀ ਥਾਂ 'ਤੇ ਉਨ੍ਹਾਂ ਦੀ ਸਿਹਤ ਅਤੇ ਸੁਰੱਖਿਆ ਦੇ ਅਧਿਕਾਰਾਂ ਬਾਰੇ ਸਿੱਖਿਅਤ ਕਰਨ ਵਿੱਚ ਲਗਾਤਾਰ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ।

ਕੈਨੇਡੀਅਨ ਲੇਬਰ ਕਾਂਗਰਸ ਨੇ 1985 ਵਿੱਚ ਪਹਿਲਾ ਰਾਸ਼ਟਰੀ ਸੋਗ ਦਿਵਸ ਸਮਾਰੋਹ ਆਯੋਜਿਤ ਕੀਤਾ, ਜਿਸ ਨਾਲ ਕੈਨੇਡਾ ਕੰਮ ਵਾਲੀ ਥਾਂ 'ਤੇ ਮਾਰੇ ਗਏ ਕਾਮਿਆਂ ਨੂੰ ਰਸਮੀ ਤੌਰ 'ਤੇ ਯਾਦ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ। 1991 ਵਿੱਚ, ਫੈਡਰਲ ਸਰਕਾਰ ਨੇ *ਵਰਕਰਜ਼ ਮੌਰਨਿੰਗ ਡੇਅ ਐਕਟ ਪਾਸ* ਕੀਤਾ, ਅਤੇ ਅਗਲੇ ਸਾਲ, ਬ੍ਰਿਟਿਸ਼ ਕੋਲੰਬੀਆ ਨੇ ਸੋਗ ਦਿਵਸ ਵਜੋਂ 28 ਅਪ੍ਰੈਲ ਦਾ ਦਿਨ ਐਲਾਨ ਦਿੱਤਾ। ਅੱਜ, ਇਹ ਦੁਨੀਆ ਭਰ ਦੇ 100 ਤੋਂ ਵੱਧ ਦੇਸ਼ਾਂ ਵਿੱਚ ਮਨਾਇਆ ਜਾਂਦਾ ਹੈ ਅਤੇ ਇਹ ਕੰਮ ਵਾਲੀ ਥਾਂ ਉੱਪਰ ਸੁਰੱਖਿਆ ਦੀ ਮਹੱਤਤਾ ਅਤੇ ਹੋਰ ਦੁਖਾਂਤਾਂ ਨੂੰ ਰੋਕਣ ਲਈ ਸਮੂਹਿਕ ਜ਼ਿੰਮੇਵਾਰੀ ਦੀ ਇੱਕ ਦਰਦਨਾਕ ਯਾਦ ਦਿਵਾਉਂਦਾ ਹੈ।

ਜਿਹੜੇ ਲੋਕ ਵਰਚੂਅਲ ਤੌਰ 'ਤੇ ਸ਼ਰਧਾਂਜਲੀ ਦੇਣ ਲਈ ਪੋਸਟ ਲਿਖਣੀ ਚਾਹੁੰਦੇ ਹਨ ਜਾਂ ਦੂਜਿਆਂ ਦੁਆਰਾ ਸਾਂਝੀ ਕੀਤੀ ਗਈ ਜਾਣਕਾਰੀ ਪੜ੍ਹਨਾ ਚਾਹੁੰਦੇ ਹਨ, ਉਹ ਸੋਗ ਦਿਵਸ ਦੀ ਵਾਲ : ਡੇਅਆਫ਼ਮੌਰਨਿੰਗ.ਬੀ.ਸੀ.ਸੀਏ dayofmourning.bc.ca.'ਤੇ ਅਜਿਹਾ ਕਰ ਸਕਦੇ ਹਨ।

**ਹਵਾਲੇ**

**ਪ੍ਰੀਮੀਅਰ ਡੇਵਿਡ ਐਬੀ**:

"ਰਾਸ਼ਟਰੀ ਸੋਗ ਦਿਵਸ 'ਤੇ, ਅਸੀਂ ਉਨ੍ਹਾਂ ਵਰਕਰਾਂ ਨੂੰ ਯਾਦ ਕਰਦੇ ਹਾਂ ਜਿਨ੍ਹਾਂ ਨੇ ਇਹ ਨਾ ਜਾਣਦੇ ਹੋਏ ਕਿ ਇਹ ਆਖਰੀ ਅਲਵਿਦਾ ਹੋਵੇਗੀ, ਕੰਮ 'ਤੇ ਜਾਂਦੇ ਸਮੇਂ ਆਪਣੇ ਪਿਆਰਿਆਂ ਨੂੰ ਅਲਵਿਦਾ ਕਿਹਾ। ਅਸੀਂ ਉਨ੍ਹਾਂ ਦੇ ਪਰਿਵਾਰਾਂ, ਦੋਸਤਾਂ ਅਤੇ ਸਹਿਕਰਮੀਆਂ ਦੇ ਨਾਲ ਉਨ੍ਹਾਂ ਦੇ ਦੁੱਖ ਵਿੱਚ ਖੜ੍ਹੇ ਹਾਂ, ਅਤੇ ਅਸੀਂ ਕੰਮ ਵਾਲੀ ਥਾਂ 'ਤੇ ਵਾਪਰਨ ਵਾਲੇ ਦੁਖਾਂਤਾਂ ਨੂੰ ਰੋਕਣ ਲਈ ਆਪਣੀ ਵਚਨਬੱਧਤਾ ਨੂੰ ਨਵਿਆਉਂਦੇ ਹਾਂ। ਕੰਮ ਵਾਲੀ ਥਾਂ 'ਤੇ ਇੱਕ ਵੀ ਮੌਤ ਨਹੀਂ ਹੋਣੀ ਚਾਹੀਦੀ ਜਾਂ ਕੋਈ ਵੀ ਸੱਟ ਨਹੀਂ ਲੱਗਣੀ ਚਾਹੀਦੀ। ਹਰ ਕਿਸੇ ਨੂੰ ਦਿਨ ਦੇ ਅੰਤ 'ਤੇ ਆਪਣੇ ਪਰਿਵਾਰ ਕੋਲ ਘਰ ਮੁੜਣ ਦਾ ਅਧਿਕਾਰ ਹੈ, ਅਤੇ ਅਸੀਂ ਵਰਕਰਾਂ, ਮਜ਼ਦੂਰ ਲਹਿਰ ਅਤੇ ਕੰਮ-ਮਾਲਕਾਂ ਨਾਲ ਸਾਂਝੇਦਾਰੀ ਵਿੱਚ ਉਸ ਟੀਚੇ ਲਈ ਕੰਮ ਕਰਨਾ ਜਾਰੀ ਰੱਖਾਂਗੇ।"

**ਮਾਣਯੋਗ ਜੈਨੀਫ਼ਰ ਵ੍ਹਾਈਟਸਾਈਡ, ਮਨਿਸਟਰ ਆਫ਼ ਲੇਬਰ**:

"ਅੱਜ, ਅਸੀਂ ਉਨ੍ਹਾਂ ਵਰਕਰਾਂ ਦਾ ਸਨਮਾਨ ਕਰਨ ਲਈ ਰੁਕਦੇ ਹਾਂ ਜਿਹੜੇ ਕੰਮ 'ਤੇ ਗਏ ਕਦੇ ਘਰ ਨਹੀਂ ਮੁੜੇ। ਕੰਮ ਵਾਲੀ ਥਾਂ 'ਤੇ ਹੋਈ ਹਰ ਇੱਕ ਮੌਤ ਅਜਿਹੀ ਦੁਖਦਾਈ ਘਟਨਾ ਹੈ ਜਿਹੜੀ ਪਰਿਵਾਰਾਂ, ਸਹਿਕਰਮੀਆਂ ਅਤੇ ਪੂਰੀਆਂ ਕਮਿਊਨਿਟੀਆਂ ਨੂੰ ਦੁੱਖ ਪਹੁੰਚਾਉਂਦੀ ਹੈ। ਅਸੀਂ ਉਨ੍ਹਾਂ ਲੋਕਾਂ ਦੇ ਨਾਲ ਖੜ੍ਹੇ ਹਾਂ ਜਿਹੜੇ ਉਸ ਨੁਕਸਾਨ ਦੇ ਦੁੱਖ ਨੂੰ ਝੱਲ ਰਹੇ ਹਨ, ਅਤੇ ਅਸੀਂ ਮਜ਼ਬੂਤ ਸੁਰੱਖਿਆ ਨਿਯਮਾਂ ਅਤੇ ਇੱਕ ਅਜਿਹੇ ਸੱਭਿਆਚਾਰ ਦਾ ਆਪਣਾ ਵਾਅਦਾ ਦੁਹਰਾਉਂਦੇ ਹਾਂ ਜਿਹੜਾ ਹਰ ਵਰਕਰ ਦੀ ਸਿਹਤ ਅਤੇ ਸੁਰੱਖਿਆ ਨੂੰ ਸੱਚਮੁੱਚ ਮਹੱਤਵ ਦਿੰਦਾ ਹੋਵੇ।"

**ਸੁਜ਼ੈਨ ਸਕਿਡਮੋਰ, ਪ੍ਰਧਾਨ, ਬੀਸੀ ਫੈਡਰੇਸ਼ਨ ਆਫ਼ ਲੇਬਰ**:

"ਅੱਜ ਦਾ ਦਿਨ ਸੋਗ ਮਨਾਉਣ ਅਤੇ ਯਾਦ ਕਰਨ ਬਾਰੇ ਹੈ। ਇਹ ਦਿਨ ਉਨ੍ਹਾਂ ਵਰਕਰਾਂ, ਜਿਨ੍ਹਾਂ ਨੂੰ ਅਸੀਂ ਕੰਮ ਵਾਲੀ ਥਾਂ 'ਤੇ ਸੱਟ ਅਤੇ ਬਿਮਾਰੀ ਕਾਰਨ ਗੁਆ ਦਿੱਤਾ ਹੈ, ਜਿਨ੍ਹਾਂ ਦੀਆਂ ਜ਼ਿੰਦਗੀਆਂ ਬਦਲ ਗਈਆਂ ਹਨ, ਅਤੇ ਉਨ੍ਹਾਂ ਦੇ ਪਰਿਵਾਰਾਂ, ਸਹਿਕਰਮੀਆਂ ਅਤੇ ਦੋਸਤਾਂ ਨਾਲ ਖੜ੍ਹਨ ਬਾਰੇ ਹੈ। ਅਤੇ ਇਹ ਕਾਰਵਾਈ ਬਾਰੇ ਹੈ - ਹਰੇਕ ਕੰਮ ਵਾਲੀ ਥਾਂ ਨੂੰ ਸੁਰੱਖਿਅਤ ਬਣਾਉਣਾ ਅਤੇ ਇਹ ਪੱਕਾ ਕਰਨਾ ਹੈ ਕਿ ਹਰ ਕੋਈ ਆਪਣੇ ਕੰਮ ਦੇ ਦਿਨ ਦੇ ਅੰਤ 'ਤੇ ਓਨਾ ਹੀ ਸੁਰੱਖਿਅਤ ਅਤੇ ਸਿਹਤਮੰਦ ਘਰ ਵਾਪਸ ਮੁੜੇ ਜਿੰਨਾ ਉਹ ਕੰਮ 'ਤੇ ਆਇਆ ਸੀ। ਇਹ ਜ਼ਰੂਰੀ ਹੈ ਕਿ ਵਰਕਰਾਂ ਦੀਆਂ ਜ਼ਿੰਦਗੀਆਂ ਕਦੇ ਵੀ ਕਾਰੋਬਾਰ ਚਲਾਉਣ ਦੀ ਕੀਮਤ ਦਾ ਹਿੱਸਾ ਨਾ ਹੋਣ।"

**ਲੈਰਾ ਜੋਨਜ਼, ਪ੍ਰਧਾਨ ਅਤੇ ਸੀ ਈ ਓ, ਬਿਜ਼ਨਸ ਕੌਂਸਲ ਆਫ਼ ਬ੍ਰਿਟਿਸ਼ ਕੋਲੰਬੀਆ**:

"ਅੱਜ, ਅਸੀਂ ਉਨ੍ਹਾਂ ਸਾਰਿਆਂ ਨੂੰ ਯਾਦ ਕਰਦੇ ਹਾਂ ਅਤੇ ਉਨ੍ਹਾਂ ਦਾ ਸਨਮਾਨ ਕਰਦੇ ਹਾਂ ਜਿਹੜੇ ਕੰਮ ਵਾਲੀ ਥਾਂ 'ਤੇ ਹੋਏ ਹਾਦਸਿਆਂ ਕਾਰਨ ਮਾਰੇ ਗਏ ਹਨ ਜਾਂ ਜਿਨ੍ਹਾਂ 'ਤੇ ਹਾਦਸਿਆਂ ਕਾਰਨ ਅਸਰ ਪਿਆ ਹੈ। ਅਸੀਂ ਸਮਝਦੇ ਹਾਂ ਕਿ ਇਹ ਦੁਖਦਾਈ ਘਟਨਾਵਾਂ ਪਰਿਵਾਰਾਂ, ਕਮਿਊਨਿਟੀਆਂ ਅਤੇ ਸਾਰੇ ਵਰਕਰਾਂ ਤੇ ਡੂੰਘਾ ਪ੍ਰਭਾਵ ਪਾਉਂਦੀਆਂ ਹਨ। ਇਸ ਬਾਰੇ ਸੋਚਦਿਆਂ ਆਉ ਇਸ ਦਿਨ `ਤੇ ਪੂਰੇ ਬੀ. ਸੀ. ਵਿੱਚ ਹਰੇਕ ਕੰਮ ਵਾਲੀ ਥਾਂ `ਤੇ ਸੁਰੱਖਿਆ ਨੂੰ ਇਕ ਬੁਨਿਆਦੀ ਕਦਰ-ਕੀਮਤ ਬਣਾਉਣ ਲਈ ਆਪਣੀ ਸਾਂਝੀ ਵਚਨਬੱਧਤਾ ਨੂੰ ਨਵਿਆਈਏ। ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ ਕਿ ਅਸੀਂ ਇਹ ਪੱਕਾ ਕਰੀਏ ਕਿ ਹਰ ਵਰਕਰ ਹਰ ਦਿਨ ਦੇ ਅੰਤ 'ਤੇ ਸੁਰੱਖਿਅਤ ਘਰ ਪਹੁੰਚੇ।"

**ਐਨ ਨਾਸਰ, ਪ੍ਰਧਾਨ ਅਤੇ ਸੀ ਈ ਓ, ਵਰਕਸੇਫਬੀਸੀ**:

"ਸੋਗ ਦੇ ਦਿਨ ਅਸੀਂ ਜਿਹੜੇ ਵੀ ਅੰਕੜੇ 'ਤੇ ਵਿਚਾਰ ਕਰਦੇ ਹਾਂ, ਉਹ ਇੱਕ ਇਨਸਾਨ ਹੁੰਦਾ ਹੈ - ਅਤੇ ਹਰ ਇਕ ਅੰਕੜਾ ਕਿਸੇ ਨਾ ਕਿਸੇ ਕੰਮ ਵਾਲੀ ਥਾਂ 'ਤੇ ਵਾਪਰੇ ਹਾਦਸੇ ਨਾਲ ਹਮੇਸ਼ਾਂ ਲਈ ਬਦਲ ਗਈਆਂ ਬਹੁਤ ਸਾਰੀਆਂ ਜ਼ਿੰਦਗੀਆਂ ਨੂੰ ਦਰਸਾਉਂਦਾ ਹੈ। ਇਹ ਦਿਨ ਸਾਨੂੰ ਜ਼ੋਰਦਾਰ ਯਾਦ ਦਿਵਾਉਂਦਾ ਹੈ ਕਿ ਇਹ

ਜ਼ਰੂਰੀ ਹੈ ਕਿ ਸਿਹਤ ਅਤੇ ਸੁਰੱਖਿਆ ਸਿਰਫ਼ ਨੀਤੀਆਂ ਜਾਂ ਚੈੱਕਲਿਸਟਾਂ ਤੱਕ ਸੀਮਿਤ ਨਾ ਹੋਵੇ – ਸਿਹਤ ਅਤੇ ਸੁਰੱਖਿਆ ਦਾ ਹਰ ਕੰਮ, ਹਰ ਸ਼ਿਫਟ, ਹਰ ਫੈਸਲੇ ਵਿੱਚ ਸ਼ਾਮਲ ਹੋ ਕੇ ਸਾਡੇ ਕੰਮ ਦੇ ਸੱਭਿਆਚਾਰ ਦਾ ਹਿੱਸਾ ਹੋਣਾ ਜ਼ਰੂਰੀ ਹੈ। ਕਿਉਂਕਿ ਜਦੋਂ ਕੋਈ ਵਰਕਰ ਕੰਮ ਤੋਂ ਸੁਰੱਖਿਅਤ ਘਰ ਪਹੁੰਚਦਾ ਹੈ ਤਾਂ ਉਸ ਦੇ ਪਿੱਛੇ ਕੰਮ ਵਾਲੀ ਥਾਂ ਦਾ ਸੱਭਿਆਚਾਰ ਹੁੰਦਾ ਹੈ ਜਿਹੜਾ ਲੋਕਾਂ ਨੂੰ ਪਹਿਲ ਦਿੰਦਾ ਹੈ।"

-30-

**ਵਰਕਸੇਫ਼ਬੀਸੀ ਬਾਰੇ**

*ਵਰਕਸੇਫ਼ਬੀਸੀ ਬੀ.ਸੀ. ਵਿੱਚ ਸੱਟ, ਬਿਮਾਰੀ, ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਸ਼ਾਮਲ ਕਰਦਾ ਹੈ। ਜਦੋਂ ਕੰਮ ਨਾਲ ਸਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫ਼ਬੀਸੀ ਲੋਕਾਂ ਨੂੰ ਉਹਨਾਂ ਦੀ ਸਿਹਤਯਾਬੀ (ਰਿਕਵਰੀ), ਮੁੜ-ਬਹਾਲੀ (ਰੀਹੈਬਲੀਟੇਸ਼ਨ) ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ। ਅਸੀਂ ਪੂਰੇ ਬੀ.ਸੀ. ਵਿੱਚ 2.7 ਮਿਲੀਅਨ ਕਾਮਿਆਂ ਅਤੇ 285,000 ਕੰਮ-ਮਾਲਕਾਂ ਦੀ ਸੇਵਾ ਕਰਦੇ ਹਾਂ।*

**ਹੋਰ ਜਾਣਕਾਰੀ ਲਈ, ਸੰਪਰਕ ਕਰੋ:**

ਮੀਡੀਆ ਰੀਲੇਸ਼ਨਜ਼, ਵਰਕਸੇਫ਼ਬੀਸੀ

ਈਮੇਲ: media@worksafebc.com

ਟੈਲੀਫੋਨ: 604-276-5157